

ਮਾਤ੍ਰਿਅੰਗ ਪਿੰਡ ਵਿੱਚ ਫਾਰਮ ਆਨ ਵ੍ਹੀਲਜ਼ ਪਹਿਲ

ਸਵੈ- ਸਹਾਇਤਾ ਹੀ ਉੱਤਮ ਸਹਾਇਤਾ ਹੈ।

ਸਵਦੇਸੀ ਕਿਸਾਨ ਮਜਬੂਤੀ ਨਾਲ ਆਰਥਿਕ ਮੰਦੀ ਖਿਲਾਫ ਖੜੇ ਹਨ।

ਜਨਕਪ੍ਰੀਤ ਸਿੰਘ

'ਫਾਰਮ ਆਨ ਵਹੀਲਜ਼' ਸਥਾਨਕ ਉਪਜ ਨੂੰ ਵੇਚਣ ਦੀ ਪਹਿਲ ਨੇ ਕਿਸਾਨ ਸਮੂਹਾਂ ਨੂੰ ਵਿਕੇਦ੍ਰੀਕ੍ਰਿਤ ਤਰੀਕੇ ਨਾਲ ਵਿਭਿੰਨ ਸਥਾਨਕ ਬਜ਼ਾਰਾਂ ਤਕ ਪਹੁੰਚ ਕਰਨ ਦੇ ਸਮਰੱਥ ਬਣਾਇਆ ਹੈ। ਇਸ ਤਰਾ ਦੀ ਪਹਿਲ ਨੇ ਬਾਕੀ ਕਿਸਾਨ ਸਮੂਹਾ ਅੱਗੋ ਮੇਘਾਲਿਆ ਵਿੱਚ NESFAS ਨਾਲ ਸਹਿਯੋਗ ਕਰਨ ਅਤੇ ਇਸ ਨੂੰ ਅਪਣਾਉਣ ਅਤੇ ਆਪਣੇ ਆਪਣੇ ਖ਼ੇਤਰਾ ਵਿੱਚ ਇਸਨੂੰ ਅੱਗੇ ਲੈ ਜਾਣ ਲਈ ਪ੍ਰੋਤਸਾਹਿਤ ਕੀਤਾ ਹੈ।

ਸੰਸਾਰ ਇੱਕ ਗਲੋਬਲ ਮਹਾਂਮਾਰੀ ਦੀ ਚਪੇਟ ਵਿੱਚ ਆ ਗਿਆ ਹੈ ਜਿਸ ਨੇ ਸਭ ਨੂੰ ਆਪਣੀ ਜ਼ਦ ਵਿੱਚ ਵਿੱਚ ਲੈ ਲਿਆ ਹੈ ਅਤੇ ਇਸਨੇ ਕਈ ਖੇਤਰਾਂ ਨੂੰ ਪ੍ਰਭਾਵਿਤ ਕੀਤਾਂ ਹੈ। ਕਰੋਨਾ ਨੇ ਦੁਨੀਆ ਭਰ ਦੀ ਅਰਥ ਵਿਵਸਥਾ ਨੂੰ ਵਿਗਾੜ ਦਿੱਤਾ ਹੈ ਅਤੇ ਇਸਦਾ ਸਭ ਤੋ ਮਾੜਾ ਅਸਰ ਛੋਟੇ ਕਿਸਾਨਾਂ ਉਪਰ ਪਿਆ ਹੈ ਕਿਉਕਿ ਉਹਨਾ ਕੋਲ ਇਸ ਮੰਦੀ ਨੂੰ ਦੂਰ ਕਰਨ ਲਈ ਪੂੰਜੀ ਦੀ ਘਾਟ ਹੈ ਰੋਜ਼ਾਨਾ ਬਜ਼ਾਰ ਦੇ ਬੰਦ ਹੋਣ ਜਾਂ ਕਈ ਵਾਰ ਅੱਧੇ ਦਿਨ ਲਈ ਖੁੱਲੇ ਬਜ਼ਾਰਾਂ ਨੇ ਕਈਆ ਸਾਹਮਣੇ ਆਰਥਿਕ ਸੰਕਟ ਖੜਾ ਕਰ ਦਿੱਤਾ ਹੈ। ਹਾਲਾਂਕਿ ਇਹ ਸਭ ਸਵਦੇਸ਼ੀ ਕਿਸਾਨਾਂ ਨੂੰ ਨਹੀ ਰੋਕ ਸਕਿਆ। ਉਹਨਾਂ ਨੇ ਇਸ ਔਖੇ ਸਮੇ ਦਾ ਸਾਹਮਣਾ ਕੀਤਾ ਅਤੇ NESFAS (ਉੱਤਰ-ਪੂਰਵੀ ਸਲੋ ਫੂਡ ਐਂਡ ਐਸੋਬਾਇਓ ਸੁਸਾਇਟੀ) ਜੋ ਕਿ ਇੱਕ ਗੈਰ-ਸਰਕਾਰੀ ਸੰਸਥਾ ਹੈ ਅਤੇ ਜਿਸਦਾ ਮੁੱਖ ਦਫ਼ਤਰ ਸ਼ਿਲਾਗ ਵਿਖੇ ਹੈ, ਦੀ ਮਦਦ ਨਾਲ ਇਸ ਸਮੱਸਿਆ ਦਾ ਹੱਲ ਕਰਨ ਲਈ ਨਵੇ ਸਮਾਧਾਨ ਲੱਭੇ। ਇਹ ਸੰਸਥਾ ਉੱਤਰ-ਪੂਰਵੀ ਭਾਰਤ ਵਿੱਚ ਸਵਦੇਸੀ ਭੋਜਨ ਵਿਵਸਥਾ ਨੂੰ ਬਚਾਉਣ ਲਈ ਕੰਮ ਕਰ ਰਹੀ ਹੈ।



ਦਰਚਿਕਿਗਰੇ ਗਾਰੋ ਪਹਾੜੀਆਂ ਵਿੱਚ ਰਾਜੇਸ਼ ਬੀ ਮਰਕ ਦੀ ਘਰੇਲੂ ਬਗੀਚੀ

NESFAS(ਨੇਸਫਾਸ) ਮੇਘਾਲਿਆ ਦੀ ਰਾਜਧਾਨੀ ਸਿਲਾਂਗ ਵਿਖੇ ਸਥਿਤ ਹੈ। ਇਹ ਸੰਸਥਾ ਮੇਘਾਲਿਆ ਅਤੇ ਨਾਗਾਲੈਡ ਦੇ 130 ਪਿੰਡਾ ਵਿੱਚ ਕੰਮ ਕਰ ਰਹੀ ਹੈ। ਇਹ ਸੰਸਥਾ ਰੂਰਲ ਇਨੈਕਟ੍ਰੀਕਰਨ ਕਾਰਪੋਰੇਸ਼ਨ (ਆਰ ਈ ਸੀ) ਫਾਊਡੇਸ਼ਨ ਦੁਆਰਾ ਫੰਡਿਡ ਕੋਈ ਵੀ ਕੋਈ ਵੀ ਪਿੱਛੇ ਨਹੀ ਰਹਿਣਾ ਚਾਹੀਦਾ 3000 ਘਰਾਂ ਲਈ ਭੋਜਨ, ਪੋਸ਼ਣ ਅਤੇ ਊਰਜਾ ਸੁਰੱਖਿਆ ਦੀ ਜੈਵ-ਵਿਭਿੰਨਤਾ। ਵਰਤਮਾਨ ਵਿੱਚ ਨੇਸਫਾਸ 3249 ਕਿਸਾਨਾ ਨਾਲ ਵਿੰਭਿਨ ਗਤੀਵਿਧੀਆਂ ਵਿੱਚ ਸ਼ਾਮਲ ਹੈ। ਇਹ ਮੁੱਖ ਤੌਰ ਤੇ ਸੀਮਾਂਤ ਮਹਿਲਾ ਕਿਸਾਨਾਂ ਨਾਲ ਕੰਮ ਕਰ ਰਹੀ ਹੈ ਜੋ ਕਿ ਝੂਮ ਖੇਤੀ ਕਰ ਰਹੀਆ ਹਨ। ਕੁੱਝ ਇਹਨਾਂ ਵਿੱਚ ਸਥਾਈ ਖੇਤੀ ਕਰ ਜਿਵੇ ਝੋਨੇ ਦੀ ਖੇਤੀ ਜਾਂ ਛੱਤ ਉੱਪਰ ਖੇਤੀ। ਇਹ ਕਿਸਾਨ ਆਪਣੇ ਪੁਰਖਿਆ ਦੇ ਬੀਜਾਂ ਨੂੰ ਸੰਭਾਲ ਕੇ ਰੱਖੇ ਹੋਏ ਹਨ। ਹਾਲਾਕਿ ਇਹ ਦੇਸੀ ਬੀਜ ਹੌਲੀ-ਹੌਲੀ ਲੁਪਤ ਹੁੰਦੇ ਜਾ ਰਹੇ ਹਨ। ਪਰ ਇਹਨਾ ਨੂੰ ਮੁੜ-ਬਹਾਲ ਕਰਨ ਲਈ ਬੀਜ਼ਾਂ ਦਾ ਆਦਾਨ-ਪ੍ਰਦਾਨ ਅਤੇ ਸਮੁਦਾਦਿਕ ਬੀਜ਼ ਬੈਂਕ ਆਦਿ ਗਤੀਵਿਧੀਆਂ ਕੀਤੀਆ ਜਾ ਰਹੀਆ ਹਨ। ਇਹ ਕਿਸਾਨ ਆਮ ਤੌਰ ਤੇ ਆਪਣੀ ਫਸਲ ਹਫਤਾਵਾਰੀ ਮੰਡੀ ਵਿੱਚ ਵੇਚਦੇ ਹਨ। ਕੁੱਝ ਛੋਟੀ ਜਿਹੀ ਜਗਾ ਕਿਰਾਏ ਤੇ ਲੈਦੇ ਹਨ ਅਤੇ ਕੁੱਝ ਆਰਜੀ ਵਿਵਸਥਾ ਬਣਾ ਲੇਦੈ ਹਨ ਅਤੇ ਫੁੱਟਪਾਥ ਤੇ ਵੇਚਦੇ ਹਨ। ਇਹ ਵਪਾਰੀਆ ਨੂੰ ਵੀ ਆਪਣੀ ਫਸਲ ਵੇਚਦੇ ਹਨ ਜੋ ਇਸ ਮੰਡੀ ਵਿੱਚ ਆਉਦੇ ਹਨ ਅਤੇ ਉਤਪਾਦ ਖਰੀਦਦੇ ਹਨ ਹਾਲਾਂਕਿ ਕੋਰੋਨਾ ਕਰਕੇ ਵੇਚਣ ਦੇ ਇਸ ਤਰੀਕੇ ਉੱਪਰ ਬਹੁਤ ਅਸਰ ਪਿਆ ਹੈ।

ਨਿਯਮਿਤ ਮਾਰਕਿਟ ਵਿੱਚ ਆਈ ਅੜਚਨ ਨੂੰ ਹੱਲ ਕਰਨ ਲਈ ਅਤੇ ਰੋਜੀ ਰੋਟੀ ਕਮਾਉਣ ਦੀ ਚਣੌਤੀਆ ਨਾਲ ਨਜਿੱਠਣ ਲਈ 'ਫਾਰਮ ਔਨ ਵਹੀਲਜ' ਭਾਵ ਪਹੀਆ ਉਪਰ ਖੇਤ ਦਾ ਹੱਲ ਕੱਢਿਆ ਗਿਆ। ਇਸ ਪਹਿਲ ਵਿੱਚ ਕਿਸਾਨ ਗ੍ਰਾਹਕਾਂ ਨੂੰ

ਆਪਣਾ ਉਤਪਾਦ ਸਿੱਧੇ ਵੇਚਦੇ ਹਨ ਆਪਣੇ ਲਈ ਅਤੇ ਆਪਣੇ ਲਈ ਆਮਦਨੀ ਦੇ ਟਿਕਾਉ ਮੌਕੇ ਪੈਦਾ ਕਰਦੇ ਹਨ। ਅਸਲ ਵਿੱਚ ਇਹ ਸੱਚ ਵਿੱਚ ਹੀ ਇੱਕ ਵਹੀਕਲ ਹੈ ਜਿਸ ਨੂੰ ਕਿਸਾਨ ਆਪਣਾ ਉਤਪਾਦਨ ਵੇਚਣ ਲਈ ਹਫਤੇ ਵਿੱਚ ਇੱਕ ਦਿਨ ਕਿਰਾਏ ਉੱਪਰ ਲੇਦੈ ਹਨ ਜਾਂ ਫਿਰ ਜਦੋ ਵੀ ਉਹਨਾਂ ਦੀ ਫਸਲ ਤਿਆਰ ਹੁੰਦੀ ਹੈ। ਲਗਭਗ 200 ਕਿਸਾਨ/30 ਕਿਸਾਨ ਸਮੂਹ ਜੋ ਕਿ ਮੇਘਾਲਿਆ ਦੇ ਅਲੱਗ-ਅਲੱਗ ਜਿਲਿਆ ਵਿੱਚ ਫੈਲੇ ਹੋਏ ਹਨ, ਇਸ ਪਹਿਲ ਨਾਲ ਜੁੜੇ ਹੋਏ ਹਨ। ਇਹ ਕਿਸਾਨ ਇੱਕ ਵਹੀਕਲ ਕਿਰਾਏ ਉੱਪਰ ਲੈਦੇ ਹਨ। ਹਾਲੇ ਤੱਕ ਕਿਸੇ ਵੀ ਕਿਸਾਨ ਸਮੂਹ ਕੋਲ ਆਪਣਾ ਵਹੀਕਲ ਨਹੀ ਹੈ ਪਰ ਭਵਿੱਖ ਵਿੱਚ ਸਮੂਹ ਦੀ ਬੱਚਤ ਨਾਲ ਵਹੀਕਲ ਖਰੀਦਣ ਦੀ ਯੋਜਨਾ ਹੈ। ਆਮ ਤੌਰ ਤੇ 'ਫਾਰਮ ਔਨ ਵਹੀਕਲ' ਹਫਤੇ ਵਿੱਚ 2 ਵਾਰ ਹੁੰਦਾ ਹੈ। ਹਰ ਸਮੂਹ ਵਿੱਚੋ ਕੇਵਲ 1 ਜਾਂ 2 ਕਿਸਾਨ ਵਹੀਕਲ ਦੇ ਨਾਲ ਹੁੰਦੇ ਹਨ ਅਜਿਹਾ ਲਾਗਤ ਘੱਟ ਰੱਖਣ ਲਈ ਕੀਤਾ ਜਾਦਾਂ ਹੈ। ਨੇਸਫਾਸ ਨੇ ਇਹਨਾਂ ਕਿਸਾਨ ਸਮੂਹਾਂ ਦੀ ਪ੍ਰਚਾਰ ਸਮੱਗਰੀ ਕੁੱਝ ਸੁਰੂਆਤੀ ਨਿਵੇਸ਼ ਅਤੇ ਹਿਸਾਬ ਕਿਤਾਬ ਦੀ ਟ੍ਰੇਨਿੰਗ ਦੀ ਜਿੰਮੇਵਾਰੀ ਸੰਭਾਲੀ। ਇਹ ਛੋਟੇ ਕਿਸਾਨ ਬਹੁਤ ਤਰਾਂ ਦੀਆਂ ਫਸਲਾਂ ਦਾ ਉਤਪਾਦਨ ਕਰਦੇ ਹਨ। ਕੁੱਝ ਉਤਪਾਦ ਜੰਗਲ ਵਿੱਚੋ ਵੀ ਇਕੱਠਾ ਕੀਤਾ ਜਾਦਾਂ ਹੈ। ਜੋ ਉਤਪਾਦਨ ਵੇਚਿਆ ਜਾਂਦਾ ਹੈ ਉਸ ਵਿੱਚ ਕਈ ਤਰਾ ਦਾ ਜੰਗਲਾ ਤੋ ਇਕੱਠਾ ਕੀਤਾ ਉਤਪਾਦ, ਖੇਤ ਵਿੱਚ ਉਗਾਈਆਂ ਸਬਜੀਆਂ ਜਿਵੇ ਆਲੂ, ਗਾਜਰ, ਫਲੀਆਂ ਅਤੇ ਹੋਰ ਮੌਸਮੀ ਸਬਜੀਆਂ,ਫਲ, ਦਾਲਾਂ ਸਾਮਲ ਹਨ। ਨੇਸਫਾਸ ਨਾਲ ਜੁੜੇ ਕਿਸਾਨ ਸਮੂਹ 'ਫਾਰਮ ਆਨ ਵਹੀਕਲ' ਮੰਚ ਦਾ ਇਸਤੇਮਾਲ ਕਰ ਰਹੇ ਹਨ। ਜਿਵੇ-

ਜਿਵੇ ਕੋਰੋਨਾ ਦੇ ਨਿਯਮਾਂ ਵਿੱਚ ਢਿੱਲ ਹੋ ਰਹੀ ਹੈ ਉਸੇ ਤਰਾਂ ਉਹ ਸਥਾਨਕ ਮੰਡੀ ਵਿਚ ਵੀ ਵੇਚਣ ਲਈ ਜਾ ਰਹੇ ਹਨ। ਇਸ ਪਹਿਲ ਦਾ ਉਦੇਸ ਇਹੀ ਸੀ ਕਿ ਇੱਕ ਆਨਲਾਈਨ ਮੰਚ 'ਸ਼ਬਦ' (https://sylled.com/store) ਦੀ ਸ਼ੁਰੂਆਤ ਕੀਤੀ ਜਿੱਥੇ ਕਿਸਾਨ ਸਬਜੀਆਂ ਆਨਲਾਈਨ ਵੇਚ ਸਕਦੇ ਹਨ। ਇਸ ਪਹਿਲ ਵਿੱਚ ਨੇਸਫਾਸ ਵੀ ਭਾਗੀਦਾਰ ਹੈ ਅਤੇ ਇਹ ਕਿਸਾਨ ਸਮੂਹਾਂ ਅਤੇ 'ਸੰਵਾਦ' ਪਹਿਲ ਵਿਚਕਾਰ ਤਾਲਮੇਲ ਦਾ ਕੰਮ ਕਰ ਰਹੀ ਹੈ। ਸੋਸਾਇਟੀ ਫਾਰ ਰੂਰਲ ਡਿਵਲਪਮੈਨਟ ਸੁਸਾਇਟੀ ਨੂੰ ਉਤਪਾਦ ਦੇ ਉਪਲਬਧ ਹੋਣ ਬਾਰੇ ਜਾਣਕਾਰੀ ਮਹੱਈਆ ਕਰਵਾਉਦੀ ਹੈ ਅਤੇ ਕਿਸਾਨਾਂ ਤੋ ਉਤਪਾਦ ਖਰੀਦਣ ਵਿੱਚ ਮਦਦ ਕਰਦੀ ਹੈ। ਉਤਪਾਦ ਆਨਲਾਈਨ ਵੈਬਸਾਈਟ ਉਪਰ ਫਲ ਅਤੇ ਸਬਜੀਆਂ ਟੈਬ ਦੇ ਅਧੀਨ ਵੇਚਿਆ ਜਾਦਾਂ ਹੈ। ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਵੈਬਸਾਈਟ ਜਰੂਰ ਦੇਖਣਾ। ਇਸ ਭਾਗੀਦਾਰੀ ਨੇ ਉਤਪਾਦਾਂ ਨੂੰ ਪੇਂਡੂ ਅਤੇ ਸਹਿਰੀ ਦੋਵੇ ਇਲਾਕਿਆਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ ਹੈ। ਕਿਸਾਨ ਵੀ ਆਪਣੇ ਖੇਤ ਬਗੀਚੀ ਵਿੱਚ ਹੋਰ ਸਿਹਤਮੰਦ ਅਤੇ ਤਾਜਾ ਭੋਜਨ ਉਗਾਉਣ ਲਈ ਜਿਆਦਾ ਮਿਹਨਤ ਕਰ ਰਹੇ ਹਨ ਅਤੇ ਸਮੂਹ ਦੇ ਹੋਰ ਮੈਂਬਰਾਂ ਲਈ ਬੀਜ ਵੀ ਉਪਲਬਧ ਕਰਵਾ ਰਹੇ ਹਨ ਜਿੰਨਾਂ ਨੂੰ ਇਸਦੀ ਜਰੂਰਤ ਹੈ।

ਗਾਰੋ ਪਹਾੜੀਆਂ ਦੇ ਕਿਸਾਨ ਸਮੂਹ ਆਪਣੇ ਸਮੁਦਾਇ ਦੇ ਮੈਂਬਰਾਂ ਵਿੱਚ ਜੈਵ-ਵਿਭਿੰਨਤਾ ਭਰਪੂਰ ਘਰੇਲੂ ਬਗੀਚੀਆਂ ਦੀ ਲੋੜ ਦਾ ਪ੍ਰਚਾਰ ਕਰ ਰਹੇ ਹਨ।

ਉਹ ਸਾਫ ਸਥਾਨਕ ਅਤੇ ਪੋਸ਼ਣ ਭਰਪੂਰ ਖਾਣੇ ਦੀ ਲੋੜ ਉੱਪਰ ਜ਼ੋਰ ਦੇ ਰਹੇ ਹਨ। ਤਾਂ ਕਿ ਕੋਰੋਨਾ ਦੇ ਵਾਇਰਸ ਖਿਲਾਫ ਲੜਾਈ ਲਈ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵਧਾਈ ਜਾ ਸਕੇ ਅਤੇ ਇਸ ਦੇ ਨਾਲ ਹੀ ਭੋਜਨ ਦੀ ਘਰੇਲੂ ਜ਼ਰੂਰਤ ਅਤੇ ਆਮਦਨੀ ਦੀ ਵੀ ਸੁਰੱਖਿਆ ਹੋ ਸਕੇ। ਕੋਰੋਨਾ ਦੇ ਵਾਇਰਸ ਖਿਲਾਫ ਲੜਾਈ ਲਈ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵਧਾਈ ਜਾ ਸਕੇ ਅਤੇ ਇਸ ਦੇ ਨਾਲ ਹੀ ਭੋਜਨ ਦੀ ਘਰੇਲੂ ਜ਼ਰੂਰਤ ਅਤੇ ਆਮਦਨੀ ਦੀ ਵੀ ਸੁਰੱਖਿਆ ਹੋ ਸਕੇ। ਕੋਰੋਨਾ ਦੇ ਭੋਜਨ ਅਤੇ ਰੋਜੀ ਰੋਟੀ ਲਈ ਸਥਾਨਕ ਜੈਵ ਵਿਭਿੰਨਤਾ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਇਸ ਨੇ ਸਥਾਨਕ ਕਿਸਾਨਾਂ ਨੂੰ ਸਵੈ ਨਿਰਭਰਤਾ ਲਈ ਯਤਨ ਕਰਨ ਦੇ ਸਮਰੱਥ ਕੀਤਾ ਹੈ। ਕੁੱਝ ਅਜਿਹਾ ਜਿਸ ਲਈ ਇਹ ਕਿਸਾਨ ਹਮੇਸ਼ਾ ਵਕਾਲਤ ਕਰਦੇ ਰਹੇ ਹਨ ਪਰ ਜਿਸਨੂੰ ਇਹਨਾ ਨੂੰ ਵਰਤਮਾਨ ਵੱਧ ਤੋ ਵੱਧ ਉਤਪਾਦਨ ਕੇਦ੍ਰਿਤ ਉਦਯੋਗਿਕ ਖੇਤੀਬਾੜੀ ਸਿਸਟਮ ਦੇ ਵਿੱਚ ਗਵਾ ਚੁੱਕੇ ਸਨ।

●

ਜਨਕਪ੍ਰੀਤ ਸਿੰਘ
ਸੀਨੀਅਰ ਮੁੱਖ ਸਹਾਇਕ
ਲਾਈਵਲੀਹੁੱਡਸ
ਨੇਸਫਾਸ, ਸਿਲਾਂਗ
ਈਮੇਲ - janak.nesfas@gmail.com

Self help is the best help
LEISA INDIA, Dec 2020